Surrey School District
Surrey Schools . . . Keeping Learners at the Centre

Tel: 604.596.7733
Fax: 604.596.7941
www.sd36.bc.ca

17 ਅਪਰੈਲ 2008

ਜਨਤਾ ਸੇਵਕ ਸੁਸਾਇਟੀ ਅਤੇ ਸਰ੍ਹੀ ਦੇ ਬਿਜ਼ਨਿਸਮੈਨ ਸ਼੍ਰੀ ਜਗਮੋਹਨ ਸਿੰਘ ਨੇ ਲੌੜ ਵੰਦ ਸਕੂਲਾਂ ਦੇ ਗਰਮੀਆਂ ਦੇ ਕੈਂਪਾਂ ਲਈ 5000 ਡਾਲਰ ਦਾਨ ਵਜੋਂ ਸਕੂਲ ਬੋਰਡ ਨੂੰ ਦਿੱਤਾ ਹੈ ।

ਇਸ ਦੋਲਤ ਦੇ ਨਾਲ ਇਨਰ ਸਿਟੀ ਸਕੂਲਾਂ ਵਿੱਚੋਂ ਆਏ 325 ਬੱਚਿਆਂ ਨੂੰ ਗਰਮੀਆਂ ਦੇ ਕੈਂਪਾਂ ਵਿੱਚ ਭੋਜਨ ਮਿਲ ਸਕੇਗਾ । ਇਸ ਖਾਣੇ ਨਾਲ ਓਹ ਬੱਚੇ ਜੋ ਗਰੀਬ ਪ੍ਰੀਵਾਰਾਂ ਵਿੱਚੋਂ ਆਏ ਹੋਣਗੇ ਓਹਨ੍ਹਾਂ ਨੂੰ ਸਿੱਖਣ ਵਿੱਚ ਅਤੇ ਖੇਡਾਂ ਲਈ ਮਦਦ ਮਿਲੇਗੀ । ਸਕੂਲ ਡਿਸਟਰਿਕਟ ਦੇ ਖਾਣੇ ਦੇ ਪ੍ਰੋਗਰਾਮ ਵਿਭਾਗ ਵਾਲੇ ਇਸ ਖਾਣੇ ਦਾ ਬੰਦੋਬਾਸਤ ਕਰਨਗੇ ।

ਸਾਲ 2005 ਤੋਂ ਹਰ ਸਾਲ ਸਕੂਲ ਡਿਸਟਰਿਕਟ 13 ਸਕੂਲਾਂ ਦੇ ਲੋੜਵੰਦ ਵਿਦਿਆਰਥੀਆਂ ਲਈ ਗਰਮੀਆਂ ਦੇ ਕੈਂਪਾਂ ਦਾ ਖਰਚ ਦਿੰਦੀ ਆ ਰਹੀ ਹੈ । ਇਹ ਕੈਂਪ ਦੋ ਹਫਤਿਆਂ ਲਈ ਸਵੇਰੇ 9 ਤੋਂ 3 ਵਜੇ ਤੱਕ ਚਲਦੇ ਹਨ । ਇਹ 4ਥੀ ਤੋਂ 7ਵੀਂ ਤੱਕ ਦੇ ਓਹਨਾਂ ਬੱਚਿਆਂ ਲਈ ਹਨ, ਜੋ ਸਕੂਲ ਵਲੋ ਲੋੜਵੰਦ ਸਾਬਿਤ ਕੀਤੇ ਹੋਣ, ਲਈ ਬਿਲਕੁਲ ਮੁਫਤ ਹਨ ।

ਇਹਨਾਂ ਕੈਂਪਾ ਦਾ ਮੁੱਖ ਮਕਸਦ ਹੈ ਕਿ ਬੱਚਆਂ ਨੂੰ ਇੱਕ ਸੁਰਖਿਅਤ ਅਤੇ ਪਿਆਰ ਵਾਲੀ ਵਾਤਾਵਰਨ ਵਿੱਚ ਆਪਣੇ ਕਲਾ ਅਤੇ ਖੇਲਾਂ ਦੇ ਹੁਨਰਾਂ ਨੂੰ ਤਰੱਕੀ ਵਲ ਲਿਜਾ ਸਕਣ । ਇਸ ਨਾਲ ਬੱਚੇ ਆਪਣਾ ਸਵੈ ਮਾਨ ਅਤੇ ਦ੍ਰਿੜ ਇਰਾਦਾ ਹੋਰ ਮਜ਼ਬੂਤ ਕਰਕੇ ਸਤਬੰਰ ਵਿੱਚ ਬੜੇ ਜ਼ੋਰ ਸ਼ੋਰ ਨਾਲ ਸਕੂਲ ਸ਼ੁਰੂ ਕਰਦੇ ਹਨ । ਇਹਨਾਂ ਕੈਂਪਾਂ ਦਾ ਖਰਚ ਭਾਈਚਾਰੇ ਦੇ ਬਿਜ਼ਨਿਸਾਂ ਜਾਂ ਦਾਨ ਦੇ ਪੈਸਿਆਂ ਰਾਂਹੀਂ ਚਲਦਾ ਹੈ ।

ਜੀਨਾਂ ਚੈਲਜਾਂਰ, ਜੋ ਸੀਡਰ ਹਿਲ ਕੈਂਪ ਦੀ ਨਿਗਰਾਨੀ ਕਰਦੇ ਹਨ ਨੇ ਕਿਹਾ ਕਿ “ਇਸ ਭਾਈਚਾਰੇ ਲਈ ਇਹ ਕੈਂਪ ਬਹੁਤ ਜ਼ਰੂਰੀ ਹਨ ਕਿਓਂਕਿ ਇਥੇ ਕੋਈ ਕਮਿਓਨਟੀ ਸੈਂਟਰ ਨਹੀਂ ਹੈ ਅਤੇ ਕਈ ਪ੍ਰੀਵਾਰ ਆਪਣੇ ਬੱਚਿਆਂ ਨੂੰ ਕੈਂਪਾਂ ਵਿੱਚ ਭੇਜਣ ਦੀ ਸਮਰੱਥਾ ਨਹੀਂ ਰੱਖਦ” ।ਓਨ੍ਹਾਂ ਕਿਹਾ ਕਿ “ਕੈਂਪ ਇੱਕ ਸਿਹਤਮੰਦ ਮਧਿਅਮ ਹੈ, ਇਸਦੀ ਬਜਾਇ ਕਿ ਬੱਚੇ ਸਾਰੀਆਂ ਛੁੱਟੀਆਂ ਐਵੀਂ ਵਕਤ ਗੁਜ਼ਾਰਨ, ਬੱਚੇ ਕਸਰਤ ਕਰਦੇ ਹਨ, ਵਧੀਆਂ ਅਧਿਆਪਕਾਂ ਕੋਲੋਂ ਆਪਣੀ ਕਲਾ ਅਤੇ ਖੇਲਾਂ ਵਿੱਚ ਹੁਨਰਤਾ ਦੀ ਤਰੱਕੀ ਕਰਦੇ ਹਨ”।

ਸਰੀ ਬੌਰਡ ਆਫ ਐਜੂਕੇਸ਼ਨ ਦੇ ਚੇਅਰਮੈਨ, ਸ੍ਰੀ ਰੈਨੀ ਮੈਸ੍ਹੀ ਨੇ ਕਿਹਾ ਕਿ, “ਜਨਤਾ ਸੇਵਕ ਸੁਸਾਇਟੀ ਅਤੇ ਜਗਮੋਹਨ ਸਿੰਘ ਦੇ ਇਸ ਦਾਨ ਤੋਂ ਸਰ੍ਹੀ ਸਕੂਲ ਬੋਰਡ ਬਹੁਤ ਹੀ ਖੁਸ਼ ਹੈ । ਇਹਨ੍ਹਾਂ ਕੈਂਪਾਂ ਵਿੱਚ ਜਿਹੜੇ ਬੱਚੇ ਲੋੜ ਵੰਦ ਹਨ, ਓਹਨਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਵਿੱਚ ਇੱਕ ਮੌਕਾ ਮਿਲਦਾ ਹੈ । ਇਹਨਾਂ ਬੱਚਿਆਂ ਨੂੰ ਹਰ ਦਿਨ ਖਾਣਾ ਮਿਲਣਾ ਇਹਨਾਂ ਦੀ ਕਾਮਯਾਬੀ ਲਈ ਬਹੁਤ ਹੀ ਜ਼ਰੂਰੀ ਹੈ । ਖਾਣੇ ਤੋਂ ਬਿਨਾ ਬੱਚੇ ਇਹਨਾਂ ਪ੍ਰੋਗਰਰਾਮਾਂ ਵਿੱਚ ਦਿਲਚਸਪੀ ਖੋ ਬੈਠਦੇ ਹਨ” ।

ਜਨਤਾ ਸੇਵਕ ਸੁਸਾਇਟੀ, ਜਿਸ ਦਾ ਮਤਲਬ ਹੈ, ਭਾਈਚਾਰੇ ਦੀ ਸੇਵਾ, ਬੀ.ਸੀ. ਦੀ ਦੱਖਣੀ ਏਸ਼ੀਆ ਵਿੱਚੋਂ ਆਏ ਲੋਕਾਂ ਦੀ ਦਾਨ ਕਰਨ ਵਾਲੀ ਸਭ ਤੋਂ ਵੱਡੀ ਸੰਸਥਾ ਹੈ, ਜਿਸ ਨੂੰ ਔਰਡਰ ਆਫ ਬੀ.ਸੀ. ਮਿਲ ਚੁੱਕਾ ਹੈ । ਇਹ ਸੁਸਾਇਟੀ ਲੋਕਾਂ ਤੋਂ ਦਾਨ ਰਾਹੀਂ ਪੈਸੇ ਇਕੱਠੀ ਕਰਦੀ ਹੈ ਅਤੇ ਹਰ ਸਾਲ ਇੱਕ ਸ਼ਾਮ ਦੇ ਖਾਣੇ ਦੇ ਅਧਾਰਤ ਪ੍ਰੋਗਰਾਮ ਰਾਹੀਂ, ਜੋ ਸੀ.ਟੀ.ਵੀ ਦੇ ਹੋਸਟ ਰੇਨੂ ਬਖਸ਼ੀ ਅਤੇ ਓਹਨਾਂ ਦੇ ਪਿਤਾ ਸੁਦਰਸ਼ਨ ਬਖਸ਼ੀ, ਜਿਹਨਾਂ ਨੇ ਇਹ ਸਸੰਥਾ ਸ਼ੁਰੂ ਕੀਤੀ ਸੀ, ਰਾਹੀਂ ਪੈਸੇ ਇਕੱਠੀ ਕਰਦੀ ਹੈ । ਪਿਛਲੇ 20 ਸਾਲਾਂ ਤੋਂ ਇਹ ਸਸੰਥਾਂ ਵੱਖ ਵੱਖ ਪ੍ਰੋਗਰਾਮਾਂ ਨੂੰ ਜੋ ਨੌਜਵਾਨਾਂ ਲਈ ਅਤੇ ਪ੍ਰੀਵਾਰਾਂ ਦੀ ਸਿਹਤ ਅਤੇ ਦਿਮਾਗੀ ਹਾਲਿਤ ਦੀ ਸੁਧਾਰਿਤਾ ਲਈ ਹਨ, ਨੂੰ ਪੈਸੇ ਦਿੰਦੀ ਆ ਰਹੀ ਹੈ ।

ਹੋਰ ਜਾਣਕਾਰੀ ਲਈ ਤੁਸੀਂ ਫੋਨ ਕਰ ਸਕਦੇ ਹੋ :
ਡੱਗ ਸਟਰੈਕਿਨ, (ਸਰ੍ਹੀ ਸਕੂਲ ਦੇ ਸੰਚਾਰ ਵਿਭਾਗ ਦੇ ਮੇਨੇਜਰ)
604-599-7468